International Journal of Applied Research 2018; 4(2): 269-272




**ISSN Print:** 2394-7500
**ISSN Online:** 2394-5869
**Impact Factor:** 5.2
IJAR 2018; 4(2): 269-272
www.allresearchjournal.com
Received: 21-12-2017
Accepted: 27-01-2018

**Dr. Iqbal Kaur**
Associate Professor,
Department of Punjabi,
Mata Sundri College, Delhi
University, New Delhi, India

**Correspondence**
**Dr. Iqbal Kaur**
Associate Professor,
Department of Punjabi,
Mata Sundri College, Delhi
University, New Delhi, India

# 'ਸੜਕ ਦੇ ਸਫੇ ਉੱਤੇ' ਵਿਚ ਪੇਸ਼ ਨਾਨਕ ਬਿੰਬ

**Dr. Iqbal Kaur**

**Introduction**

ਆਧੁਨਿਕ ਪੰਜਾਬੀ ਕਵੀ ਡਾ. ਹਰਿਭਜਨ ਸਿੰਘ ਦਾ ਕਾਵਿ ਸੰਗ੍ਰਹਿ ' ਸੜਕ ਦੇ ਸਫੇ ਉੱਤੇ' ੧੯੭੦ ਵਿਚ ਪ੍ਰਕਾਸ਼ਤ ਹੋਇਆ। ਪਹਿਲਾ ਕਾਵਿ ਸੰਗ੍ਰਿਹ ਲਾਸਾਂ ੧੯੫੬ ਵਿਚ ਹੋਇਆ ਸੀ ਤੇ ਆਪਣੇ ਪਹਿਲੇ ਕਾਵਿ ਸੰਗ੍ਰਿਹ ਨਾਲ ਉਸ ਨੇ ਆਪਣੀ ਵੱਖਰਤਾ ਸਥਾਪਿਤ ਕਰ ਲਈ ਸੀ। ਆਧੁਨਿਕ ਲੀਹਾਂ ਤੇ ਚਲਦੇ ਕਵੀ ਨੇ ਆਪਣੀ ਉਹ ਵਿਲੱਖਣਤਾ/ਵੱਖਰਤਾ, 'ਸੜਕ ਦੇ ਸਫੇ ਉਤੇ' ਵਿਚ ਵੀ ਕਾਇਮ ਰਖੀ। ਕਵੀ ਦੇ ਆਪਣੇ ਵਿਚਾਰ ਅਨੁਸਾਰ ਅਸੀਂ 'ਸਕ੍ਰਾਂਤੀ ਕਾਲ' ਵਿਚੋਂ ਲੰਘ ਰਹੇ ਹਾਂ। ਇਹ ਉਹ ਸਮਾਂ ਹੈ ਜਦੋਂ ਸਾਡਾ ਇਕ ਪੈਰ ਪਰੰਪਰਾ ਵਿਚ ਹੈ ਤੇ ਦੂਜਾ ਆਧੁਨਿਕਤਾ ਵੱਲ ਵਧ ਰਿਹਾ ਹੈ। ਇਹ ਉਹ ਪੜਾਅ ਹੈ ਜਿਥੇ ਸਾਡੀ ਮਾਨਸਿਕਤਾ ਦੁਬਿਧਾ ਦਾ ਸ਼ਿਕਾਰ ਹੈ। ਪਰੰਪਰਾ ਅਤੇ ਆਧੁਨਿਕਤਾ ਵਿਚੋਂ ਕਵੀ ਡੂੰਘੇ ਅਰਥਾ ਦੀ ਤਲਾਸ਼ ਕਰਦਾ ਹੈ ਉਸਦੀ ਕਵਿਤਾ ਵਿਚ ਪਰੰਪਰਾ ਸੰਬੰਧੀ ਕੁਝ ਪ੍ਰਸ਼ਨ ਵੀ ਪੈਦਾ ਹੁੰਦੇ ਹਨ ਅਤੇ ਪਰੰਪਰਾਂ ਤੋਂ ਇਕ ਵਿਦਰੋਹ ਵੀ ਪੈਦਾ ਹੁੰਦਾ ਹੈ। ਆਧੁਨਿਕ ਵਿਅਕਤੀ ਪਰੰਪਰਕ ਵਿਚਾਰਾਂ ਤੋਂ ਪੂਰੀ ਤਰ੍ਹਾਂ ਮੁਕਤ ਹੋਣਾ ਚਾਹੁੰਦਾ ਹੈ ਪਰ ਫਿਰ ਵੀ ਸਾਡੀ ਮਾਨਿਸਕਤਾ ਵਿਚ ਕੁਝ ਨਾ ਕੁਝ ਬੱਚ ਹੀ ਜਾਂਦਾ ਹੈ ਜੋ ਸਾਡੀ ਮਾਨਿਸਕਤਾ ਨੂੰ ਨਿਰੰਤਰ ਪ੍ਰਭਾਵਿਤ ਕਰਦਾ ਹੈ। ਇਹੀ ਅਹਿਸਾਸ 'ਸੜਕ ਦੇ ਸਫੇ ਉਤੇ' ਦੀਆਂ ਕਿਵਤਾਂਵਾਂ ਵਿਚੋਂ ਪ੍ਰਾਪਤ ਹੁੰਦਾ ਹੈ। ਇਸ ਪ੍ਰਸੰਤਾ ਵਿਚ ਸਭ ਤੋਂ ਮੱਹਵਪੂਰਨ ਕਵਿਤਾ ਸੜਕ ਦੇ ਸਫੇ ਉਤੇ ਹੈ ਜਿਸ ਤੋਂ ਕਵੀ ਦੀ ਵੱਖਰਤਾ ਦਾ ਅਹਿਸਾਸ ਹੁੰਦਾ ਹੈ। ਇਸ ਸੰਗ੍ਰਹਿ ਦੀਆਂ ਕਵਿਤਾਵਾਂ ਵਿਚ ਜੋ ਵਿਦਰੋਹ ਪੇਸ਼ ਹੋਇਆ, ਉਸ ਦਾ ਮੁੱਢ ਇਸੇ ਕਵਿਤਾ ਨਾਲ ਬੱਝਦਾ ਹੈ। 'ਨਾ ਧੁੱਪੇ ਨਾ ਛਾਵੇਂ' ਵਿਚ ਕਵੀ ਨੇ ਗੁਰੂ ਗੋਬਿੰਦ ਸਿੰਘ ਦੇ ਪ੍ਰਸੰਗ ਵਿਚ ਇਕ ਵੱਖਰੀ ਕਿਸਮ ਦੀ ਕਵਿਤਾ 'ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ' ਲਿਖੀ ਸੀ। ਇਸ ਸੰਗ੍ਰਹਿ ਦੀਆਂ ਕੁਝ ਕਵਿਤਾਵਾਂ ਹਰਿਭਜਨ ਸਿੰਘ ਨੇ ਗੁਰੂ ਨਾਨਕ ਦੇਵ ਦੇ ਪ੍ਰਸੰਗ ਵਿਚ ਲਿਖੀਆਂ ਹਨ। 'ਸੜਕ ਦੇ ਸਫੇ ਉਤੇ' ਕਵਿਤਾ ਨੂੰ ਇਨ੍ਹਾਂ ਕਵਿਤਾਵਾਂ ਦੀ ਮੁੱਢਲੀ ਕਵਿਤਾ ਵਾਂਗ ਪੜ੍ਹ ਸਕਦੇ ਹਾਂ।

੧੯੬੯ ਵਿਚ ਗੁਰੂ ਨਾਨਕ ਜਨਮ ਸ਼ਤਾਬਦੀ ਮਨਾਈ ਗਈ ਸੀ। ਲਗਭਗ ਹਰ ਕਵੀ ਨੇ ਗੁਰੂ ਨਾਨਕ ਬਿੰਬ ਨੂੰ ਪੇਸ਼ ਕਰਨ ਦਾ ਯਤਨ ਕੀਤਾ ਸੀ। ਪਰ ਬਹੁਤੀਆਂ ਕਵਿਤਾਵਾਂ ਵਿਚ ਗੁਰੂ ਨਾਨਕ ਦੇ ਪਰੰਪਰਕ ਜਨਮਸਾਖੀ ਵਾਲੇ ਸਰੂਪ ਨੂੰ ਹੀ ਪੇਸ਼ ਕੀਤਾ ਗਿਆ ਹੈ। ਜਨਮਸਾਖੀਆਂ ਤੋਂ ਪ੍ਰਾਪਤ ਨਾਨਕ ਬਿੰਬ ਮਿੱਥ ਦੇ ਜ਼ਿਆਦਾ ਨੇੜੇ ਹਨ। ਉਸ ਵਿਚ ਗੁਰੂ ਨਾਨਕ ਦੇ ਇਤਿਹਾਸਕ ਅਤੇ ਵਿਦਰੋਹੀ ਰੂਪ ਨੂੰ ਅਸਲੋਂ ਅੱਖੋਂ ਉਹਲੇ ਕਰ ਦਿੱਤਾ ਹੈ। ਹਰਿਭਜਨ ਸਿੰਘ ਇਸ ਪਰੰਪਰਕ ਮਿਥਕ ਬਿੰਬ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਹੈ। ਇਸ ਲਈ ਉਹ ਉਨ੍ਹਾਂ ਵਿਚਾਰਾਂ ਅਤੇ ਲੋਕਾਂ ਤੋਂ ਵਿਦਰੋਹ ਕਰਦਾ ਹੈ ਜੋ ਉਸ ਪਰੰਪਰਕ ਬਿੰਬ ਨਾਲ ਬੱਝੇ ਹੋਏ ਹਨ। ਕਵਿਤਾ 'ਸੜਕ ਦੇ ਸਫੇ ਉਤੇ' ਅਤੇ 'ਬੇ-ਬਿਰਛੇ ਮੈਦਾਨਾਂ ਉਪਰ ਆਣ ਮਿਲੇ ਹਾਂ' ਦੀ ਜੜ੍ਹ ਇਸੇ ਵਿਚ ਹੈ। ਹੁਣ ਕਵੀ ਸੜਕ ਦੇ ਸਫੇ ਉੱਤੇ ਖ਼ਤ ਲਿਖਦਾ ਹੈ ਅਤੇ ਖੰਭੇ ਉੱਤੇ ਟੰਗ ਦੇਂਦਾ ਹੈ। ਸੜਕ ਇਕ ਖੁੱਲ੍ਹਾ ਰਾਹ ਹੈ ਜੋ ਪਰੰਪਰਾ ਵਾਂਗ ਸਥਾਪਤੀ ਨਹੀਂ; ਸਮਾਪਤੀ ਨਹੀਂ। ਕਵੀ ਦੀ ਇੱਛਾ ਹੈ ਕਿ ਇਕ ਖ਼ਤ ਨੂੰ ਹਰ ਕੋਈ ਪੜ੍ਹੇ। ਇਹ ਖ਼ਤ ਵਿਦਰੋਹ ਦਾ ਹੈ, ਤੇ ਇਸ ਨੂੰ ਉਹ ਵੀ ਪੜ੍ਹੇ (ਗੁਰੂ ਨਾਨਕ) ਜਿਸ ਨੂੰ ਇਹ ਕਵਿਤਾ ਸੰਬੋਧਿਤ ਹੈ। ਕਵੀ ਨੇ ਗੁਰੂ ਨਾਨਕ ਦਾ ਸਿੱਧਾ ਜ਼ਿਕਰ ਨਹੀਂ ਕੀਤਾ। ਪਰ ਕਵਿਤਾ ਵਿਚ ਵਰਤੇ ਪ੍ਰਤੀਕਾਂ/ਚਿਹਨਾਂ ਤੋਂ ਗੱਲ ਦੀ ਪਹਿਚਾਣ ਹੋ ਜਾਂਦੀ ਹੈ:-

ਸੜਕ ਦੇ ਸਫੇ ਉਤੇ
ਲੋਕਾਂ ਦੇ ਪੈਰਾਂ ਹੇਠ
ਕੁਚਲਿਆ ਮਰੁੰਡਿਆ ਹੋਇਆ
ਮੇਰਾ ਖ਼ਤ
ਜ਼ਖ਼ਮੀ ਪਰ ਜੀਵਤ ਹੈ
ਮਿੱਟੀ ਵਿਚ ਲਿਖਿਆ ਬਾਰ ਬਾਰ ਪੁੱਛਦਾ ਹੈ
ਇਸ ਸੜਕ ਤੋਂ ਬਗ਼ੈਰ
ਤੈਨੂੰ ਮਿਲਣ ਦਾ ਹੋਰ ਰਾਹ ਕਿਹੜਾ ਹੈ?

ਦਸਤਪੰਜੇ ਦੀ ਖ਼ਾਤਰ
ਮੈਂ ਤੇਰੇ ਕਿਲ੍ਹੇ ਅੰਦਰ ਹਰਗਿਜ਼ ਨਹੀਂ ਆ ਸਕਦਾ
ਤੇਰੀ ਦਿਹਲਿਜ਼ ਤੋਂ ਉਰ੍ਹਾਂ ਕਰੜੀ ਦਰਬਾਨੀ ਹੈ
ਮੈਂ ਤੈਨੂੰ ਮਿਲਣਾ ਹੈ
ਜਿਸ ਤਰ੍ਹਾਂ ਬਾਗ਼ੀ ਨੂੰ ਮਿਲਦਾ ਹੈ
ਮੈਂ ਕੋਈ ਪਰਜਾ ਨਹੀਂ, ਦੋਸਤ ਹਾਂ
ਲੋਕਾਂ ਦੇ ਦਿਲਜਾਨੀ
ਪਾਤਸ਼ਾਹ ਨਹੀਂ ਹੁੰਦੇ (1)

ਹੁਣ ਤੱਕ ਗੁਰੂ ਨਾਨਕ ਦਾ ਜੋ ਬਿੰਬ ਪ੍ਰਸਤੁਤ ਕੀਤਾ ਗਿਆ ਹੈ ਉਸਦੇ ਵਿਆਖਿਆ ਕਾਰ ਪੰਡਤ/ਭਾਈ ਰਹੇ ਹਨ। ਪਰ ਕਵੀ ਉਸ ਨੂੰ ਮੁਹੱਬਤ ਤੇ ਦੋਸਤੀ ਨਾਲ ਮਿਲਦਾ ਚਾਹੁੰਦਾ ਹੈ। ਗੁਰੂ ਨਾਨਕ ਵੀ ਬਾਗ਼ੀ ਸੀ ਤੇ ਕਵੀ ਵੀ ਆਪਣੀ ਸਥਾਪਤੀ ਤੋਂ ਬਾਗ਼ੀ ਹੈ। ਇਸ ਲਈ ਉਹ ਬਾਗ਼ੀ ਵਾਂਗ ਮਿਲਣਾ ਚਾਹੁੰਦਾ ਹੈ।
ਗੁਰੂ ਨਾਨਕ ਹਮੇਸ਼ਾ ਸਫ਼ਰ/ਯਾਤਰਾ 'ਤੇ ਰਹਿੰਦੇ ਸੀ। ਇਕ ਬਿੰਦੂ ਜਾਂ ਸਥਾਪਤੀ ਨਾਲ ਬੱਝਣਾ ਉਨ੍ਹਾਂ ਦੀ ਆਦਤ ਨਹੀਂ ਸੀ। ਇਸ ਲਈ ਹਰਿਭਜਨ ਸਿੰਘ ਇਹ ਖ਼ਤ ਸੜਕ ਦੇ ਸਫੇ ਉਤੇ ਲਿਖਦਾ ਹੈ ਕਿਉਂਕਿ ਸਫ਼ਰ ਜਾਂ ਯਤਾਰ ਸੜਕ ਨਾਲ ਜੁੜੀ ਹੈ। ਇਹ ਕਵਿਤਾ ਅਹਿਜੇ ਕਿਸੇ ਹੋਰ ਨਾਇਕ ਬਾਰੇ ਵੀ ਹੋ ਸਕਦੀ ਸੀ , ਪਰ ਇਸ ਕਵਿਤਾ ਕੇ ਪ੍ਰਤੀਕ ਨੂੰ 'ਤੂੰ ਸਫ਼ਰ ਦਾ ਸ਼ਰਦਾਈ' ਆਦਿ ਇਸ ਗੱਲ ਵੱਲ ਸੰਕੇਤ ਕਰਦੇ ਹਨ ਕਿ ਕਵੀ ਦੀ ਚੇਤਨਾ ਵਿਚ ਗੁਰੂ ਨਾਨਕ ਬਿੰਬ ਹੈ। ਜਿਸ ਨੂੰ ਉਹ ਆਪਣੀਆਂ ਇਸ ਸਮੇਂ ਲਿਖਿਆਂ ਹੋਰ ਬਹੁਤ ਸਾਰੀਆਂ ਕਵਿਤਾਵਾਂ ਵਿਚ ਤਲਾਸ਼ ਰਿਹਾ ਹੈ। ਇਹ ਕਵਿਤਾਵਾਂ ਇਸ ਪੁਸਤਕ ਵਿਚ ਮੁੱਖ ਤੌਰ 'ਤੇ ਛਾਈਆਂ ਹੋਈਆਂ ਹਨ।
ਇਕ ਹੋਰ ਕਵਿਤਾ 'ਮਰਦਾਨਾ ਬੋਲਦਾ ਹੈ' ਵਿਚ ਕਵੀ ਨੇ ਇਸ ਗੱਲ ਉਪਰ ਦੁੱਖ ਪਰਗਟ ਕੀਤਾ ਹੈ ਕਿ ਅਸੀਂ ਗੁਰੂ ਨਾਨਕ ਅਤੇ ਮਰਦਾਨੇ ਨੂੰ ਅਲੱਗ ਅਲੱਗ ਕਰ ਦਿੱਤਾ ਹੈ:-

ਕਦੀ ਬਚਪਨ 'ਚ, ਆਪਣੇ ਘਰ
ਮੈਂ ਇਕ ਤਸਵੀਰ ਦੇਖੀ ਸੀ
ਗੁਰੂ ਦੇ ਲਾਗੇ ਯਾਰ ਮਰਦਾਨਾ ਰਬਾਬੀ ਸੀ
ਮੈਨੂੰ ਤਸਵੀਰ ਵਿਚ ਦੁਨੀਆ ਦਾ
ਸਾਰਾ ਅਰਥ ਦਿਸਦਾ ਸੀ

ਇਹ ਦੁਨੀਆ ਸੀ
ਮੇਰੇ ਬਚਪਨ ਜਿਹੀ ਸਾਦਾ
ਕਿਸੇ ਮਿੱਤਰ ਜਿਹੀ ਨਿਰਛਲ
ਅਚਨਚੇਤ ਕਿਸੇ ਨਿਰਮੋਹ ਨੇ
ਮਰਦਾਨੇ ਨੂੰ ਤਸਵੀਰੋ ਅਲੱਗ ਕੀਤਾ
ਯਾ ਕਿ ਮਰਦਾਨਾ ਹੀ ਆਪੇ ਦੌੜ ਕੇ
ਤਸਵੀਰ ਵਿਚੋਂ ਨਿਕਲ ਤੁਰਿਆ (2)

ਭਾਵ ਉਹ ਸਾਂਝਾਂ ਪੰਜਾਬੀ ਸਭਿਆਚਾਰ, ਜਿਸ ਵਿਚ ਮੁਸਲਮਾਨ ਮਰਦਾਨਾ ਗੁਰੂ ਨਾਨਕ ਦੇਵ ਜੀ ਦਾ ਸਾਥੀ ਸੀ। ਪਰ ਪੱਛਮੀ ਤੇ ਪੂਰਬੀ ਪੰਜਾਬ ਨੂੰ ਵੱਖ ਕਰਕੇ ਅਸੀਂ ਇਨ੍ਹਾਂ ਵਿਚ ਇਕ ਲਕੀਰ ਪਾ ਦਿੱਤੀ ਹੈ। ਇਸ ਤੋਂ ਪਿੱਛੋਂ ਵੀ ਪੰਜਾਬੀ ਸਭਿਆਚਾਰ ਵਿਚ ਫ਼ਿਰਕੂ ਮਾਹੌਲ ਪੈਦਾ ਹੁੰਦਾ ਰਿਹਾ। ਇਸ ਕਵਿਤਾ ਵਿਚ ਕਵੀ ਮਰਦਾਨੇ ਰਾਹੀਂ ਗੁਰੂ ਨਾਨਕ ਦੀ ਇਕੱਲਤਾ ਨੂੰ ਪੇਸ਼ ਕਰਦਾ ਹੈ ਤੇ ਇਸ ਗੱਲ ਨੂੰ ਸਥਾਪਿਤ ਕਰਦਾ ਹੈ ਕਿ ਮਰਦਾਨੇ ਬਿਨਾਂ ਗੁਰੂ ਨਾਨਕ ਬਿੰਬ ਅਧੂਰਾ ਹੈ:-

ਮੇਰਾ ਨਾਨਕ ਇਕੱਲਾ ਰਹਿ ਗਿਆ
ਬਹੁਤ ਦਿਨ ਬੀਤ ਗਏ
ਸੰਗਤ 'ਚ ਮਰਦਾਨਾ ਨਹੀਂ ਆਇਆ
ਮਰਦਾਨਾ ਗੁਰੂ ਦਾ ਯਾਰ ਸੀ
ਉਹਦੇ ਸਦਕਾ ਗੁਰੂ ਦੇ ਆਸੇ ਪਾਸੇ
ਦੋਸਤੀ ਦੀ ਮਹਿਕ ਸੀ (3)

ਜਿਥੇ ਗੁਰੂ ਨਾਨਕ ਅਤੇ ਮਰਦਾਨੇ ਦੀ ਦੋਸਤੀ ਸਭਿਆਚਾਰਕ ਸਾਂਝ ਦਾ ਪ੍ਰਤੀਕ ਸੀ ਉਥੇ ਗੁਰੂ ਦੇ ਬੋਲ ਅਤੇ ਮਰਦਾਨੇ ਦਾ ਸੰਗੀਤ ਕਵੀ ਨੂੰ ਇਕ ਦੂਜੇ ਤੋਂ ਬਿਨਾਂ ਅਧੂਰੇ ਪ੍ਰਤੀਤ ਹੁੰਦੇ ਹਨ। ਤਾਂ ਹੀ ਕਵੀ ਉਸ ਪੁਰਾਤਨ ਤਸਵੀਰ ਵੱਲ ਸੰਕੇਤ ਕਰਦਾ ਹੈ ਜਿਸ ਵਿਚ ਗੁਰੂ ਨਾਨਕ ਤੇ ਮਰਦਾਨਾ ਰਬਾਬੀ ਇੱਕਠੇ ਬੈਠੇ ਹੁੰਦੇ ਹਨ। ਪਰ ਕਿਸੇ ਨੇ ਬੜੀ ਬੇਦਰਦੀ ਦੋਹਾਂ ਨੂੰ ਅਲੱਗ ਕਰ ਦਿੱਤਾ।
ਦੂੱਜੇ ਪਾਸੇ ਮਰਦਾਨਾ ਵੀ ਗੁਰੂ ਨਾਨਕ ਤੋਂ ਬਿਨਾਂ ਆਪਣੇ ਦੇਸ਼ ਵਿਚ ਇਕੱਲਾ ਅਤੇ ਉਦਾਸ ਹੈ। ਗੁਰੂ ਨਾਨਕ ਦੇ ਬੋਲਾਂ ਤੋਂ ਬਿਨਾਂ ਉਸ ਨੂੰ ਆਪਣਾ ਸੰਗੀਤ ਬੇਤਾਲਾ ਲੱਗਦਾ ਹੈ। ਹੁਣ ਮਰਦਾਨਾ ਉਨ੍ਹਾਂ ਥਾਵਾਂ 'ਤੇ ਇੱਕਲਾ ਘੁੰਮਦਾ ਹੈ ਜਿਥੇ ਗੁਰੂ ਨਾਨਕ ਨੇ ਮੱਝਾਂ ਚਾਰੀਆਂ ਸਨ, ਖੇਤ ਹਰੇ ਕੀਤੇ ਸੀ, ਮਰਦਾਨੇ ਲਈ ਅੱਕ ਕਕੜੀਆਂ ਮਿੱਠੀਆਂ ਕੀਤੀਆਂ ਸਨ। ਮਰਦਾਨੇ ਦੀ ਇੱਛਾ ਹੈ ਕਿ ਅਸੀਂ ਦੋਵੇਂ ਯਾਰ ਫਿਰ ਇਕ ਵਾਰੀ ਮੱਕੇ ਦੀ ਉਦਾਸੀ (ਯਾਤਰਾ) 'ਤੇ ਇੱਕਠੇ ਜਾਈਏ:-

ਕੋਈ ਆਖੇ ਮੇਰੇ ਨਾਨਕ ਨੂੰ
ਮੇਰੇ ਸ਼ਹਿਰ ਆਵੇ, ਆਪਣੇ ਸ਼ਹਿਰ ਆਵੇ
ਕੋਈ ਆਖੋ ਮੈਨੂੰ ਮੱਕੇ ਉਦਾਸੀ ਫੇਰ ਲੈ ਜਾਵੇ
ਕਿ ਮੈਂ ਤਈਆਰ ਹਾਂ
ਮੁੜ ਦੋਸਤੀ ਦੇ ਸਫ਼ਰ 'ਤੇ ਤੁਰ ਜਾਣ ਲਈ । (4)

ਇਸ ਪ੍ਰਕਾਰ ਕਵੀ ਉਸ ਸਮੇਂ ਲਿਖੇ ਜਾ ਰਹੇ ਦੂਜੇ ਕਾਵਿ ਤੋਂ ਵੱਖਰੀ ਸੁਰ ਵਿਚ ਬੋਲਦਾ ਹੈ। ਇਸੇ ਪ੍ਰਸੰਗ ਵਿਚ ਕਵਿਤਾ

'ਦੁਪਿੱਠੇ ਸ਼ਹਿਰ ਵਿਚ' ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਇਸ ਕਵਿਤਾ ਵਿਚ ਇਕ ਪਾਸੇ ਮੋਦੀ ਦਾ ਪ੍ਰਤੀਕ ਹੈ, ਦੂਜੇ ਪਾਸੇ ਵੇਈਂ ਨਦੀ ਅਤੇ ਗੁਰੂ ਨਾਨਕ ਤੇ ਇਸ ਸਾਰੇ ਦ੍ਰਿਸ਼ ਨੂੰ ਕਵੀ ਦਾ ਵਿਅਕਤੀਤਵ ਅਰਥਾਤ 'ਕਾਵਿ ਮੈਂ' ਦੇਖ ਰਿਹਾ ਹੈ। ਗੱਲ ਵੇਈਂ ਨਦੀ ਤੋਂ ਸ਼ੁਰੂ ਹੁੰਦੀ ਹੈ। ਪਰ ਗੁਰੂ ਨਾਨਕ ਦੇ ਸਾਰੇ ਦ੍ਰਿਸ਼ਟੀਕੋਣ ਨੂੰ ਉਹ ਆਪਣੇ ਵਿਚ ਸਮਾ ਲੈਂਦੀ ਹੈ:-

ਖ਼ਾਮੋਸ਼ੀ ਕਹਿ ਰਹੀ ਸੀ: ਮੋਦੀ ਡੁੱਬ ਗਿਆ ਹੈ
ਹੁਣ ਤਾਂ ਨਾਨਕ ਉਦੈ ਹੋਇਆ ਹੈ
ਦੂਰ ਪੰਡਤ ਜੀ ਨੇ ਜਦ ਪਹਿਚਾਣਿਆ
ਇਸ ਮੁਸਕਣੀ ਨੇ ਆਖਿਆ:
ਹਿੰਦ ਡੁੱਬ ਗਿਐ, ਨਾਨਕ ਉਦੈ ਹੈ
ਤੇ ਜਦੋਂ ਕਾਜ਼ੀ ਨੇ ਵੱਧ ਤਾਜੀਮ ਕੀਤੀ
ਇਕ ਸਿਰਫ਼ ਸੈਣਤ ਸੀ:
ਨਮਾਜ਼ੀ ਡੁੱਬ ਗਿਐ, ਨਾਨਕ ਉਦੈ ਹੋਇਆ
ਜਿਹਨੂੰ ਹਿੰਦੂ ਜਾਂ ਮੁਸਲਮਾਨ ਆਖਿਆ ਜਾਵੇ
ਉਹ ਸੀਮਾ ਡੁੱਬ ਗਈ ਹੈ(5)

ਅਸਲ ਵਿਚ ਉਸ ਨਦੀ ਵਿਚ ਮੋਦੀ ਹੀ ਨਹੀਂ ਕਾਜੀ, ਨਮਾਜ਼ੀ, ਪੰਡਤ ਸਭ ਡੁੱਬਦੇ ਹਨ ਤੇ ਇੱਕਲਾ ਨਾਨਕ ਹੀ ਉਦੈ ਹੁੰਦਾ ਹੈ। ਜਿਸ ਵਾਸਤੇ ਹਿੰਦੂ ਮੁਸਿਲਮ ਸਭ ਸੰਕਲਪ ਪੂਰੇ ਹੋ ਜਾਂਦੇ ਹਨ ਤੇ ਇਕ ਮਨੁੱਖੀ ਸੰਕਲਪ ਦਾ ਉਦੈ ਹੁੰਦਾ ਹੈ। ਇਉਂ ਇਸ ਕਵਿਤਾ ਵਿਚ ਹਰਿਭਜਨ ਸਿੰਘ ਉਸ ਨਾਨਕ ਬਿੰਬ ਦੀ ਪਹਿਚਾਣ/ਤਲਾਸ਼ ਕਰਨ ਦਾ ਯਤਨ ਕਰਦਾ ਹੈ ਜੋ ਇਕ ਨਵੇਂ ਮਨੁੱਖੀ ਸੰਕਲਪ ਦੀ ਸਿਰਜਣਾ ਕਰ ਰਿਹਾ ਸੀ। ਇਹ ਬਿੰਬ ਆਪਣੇ ਸਮੇਂ ਵਿਚ ਪ੍ਰਾਪਤ ਹੋਰ ਨਾਨਕ ਬਿੰਬ ਤੋਂ ਵਿਦਰੋਹੀ ਹੈ। ਹਰਿਭਜਨ ਸਿੰਘ ਨੇ ਇਹ ਕਵਿਤਾਵਾਂ ਜਨਮ ਸਾਖੀ ਵਾਂਗ ਗੁਰੂ ਨਾਨਕ ਦੇ ਪੂਰੇ ਜੀਵਨ ਨੂੰ ਪੇਸ਼ ਕਰਨ ਲਈ ਨਹੀਂ ਲਿਖੀਆਂ ਸਗੋਂ ਇਨ੍ਹਾਂ ਵਿਚ ਉਨ੍ਹਾਂ ਵੱਖ-ਵੱਖ ਗੱਲਾਂ ਨੂੰ ਚੁਣਿਆ ਗਿਆ ਹੈ ਜੋ ਨਾਨਕ ਬਿੰਬ ਨੂੰ ਨਵੇਂ ਤੇ ਵਿਦਰੋਹੀ ਰੂਪ ਵਿਚ ਸਥਾਪਿਤ ਕਰਦੀਆਂ ਹਨ।

ਇਸੇ ਸੰਬੰਧ ਵਿਚ ਇਕ ਹੋਰ ਕਵਿਤਾ 'ਮਨੁੱਖ ਦੇ ਪੈਰ' ਦਾ ਇਥੇ ਜ਼ਿਕਰ ਕੀਤਾ ਜਾ ਸਕਦਾ ਹੈ। ਇਸ ਕਵਿਤਾ ਵਿਚ ਇਨ੍ਹਾਂ ਗੱਲਾਂ ਨੂੰ ਚੁਣਿਆ ਹੈ ਜਦੋਂ ਗੁਰੂ ਨਾਨਕ ਮੱਕੇ ਤੋਂ ਵਾਪਸ ਜਾ ਰਹੇ ਸੀ ਤੇ ਗੁਰੂ ਨਾਨਕ ਦੇ ਮਸਤਕ ਵਿਚ ਇਕ ਨਵਾਂ ਦੀਵਾ ਬਲ ਰਿਹਾ ਸੀ। ਇਸ ਕਵਿਤਾ ਵਿਚ ਧਿਆਨ ਦੇਣ ਦੀ ਗੱਲ ਹੈ ਕਿ ਕੇਵਲ ਗੁਰੂ ਨਾਨਕ ਦੇ ਬਿੰਬ ਨੂੰ ਹੀ ਪ੍ਰਸਤੁਤ ਨਹੀਂ ਕਰਦਾ ਵਿਚ ਧਿਆਨਯੋਗ ਗੱਲ ਇਹ ਹੈ ਕਿ ਇਕ ਕੇਵਲ ਗੁਰੂ ਨਾਨਕ ਦੇ ਬਿੰਬ ਨੂੰ ਹੀ ਪ੍ਰਸਤੁਤ ਨਹੀਂ ਕਰਦਾ ਸਗੋਂ ਉਹ ਆਪ ਵੀ ਇਕ ਤਲਾਸ਼ ਵਿਚ ਹੈ। ਇਹ ਤਲਾਸ਼ ਉਨ੍ਹਾਂ ਪੈਰਾਂ ਦੀ ਹੈ ਜੋ ਗੁਰੂ ਨਾਨਕ ਵਾਂਗ ਸਾਰੀ ਦੁਨੀਆ ਵਿਚ ਘੁੰਮ ਸਕਣ:

ਮੇਰਾ ਪੈਗਾਮ ਗੁਰੂ ਨਾਨਕ ਨੇ
ਜੋ ਪੈਰਾਂ ਦੀ ਜ਼ੁਬਾਨੀ ਕੱਲ੍ਹ ਸੁਣਾਇਆ ਸੀ
ਕਿਸੇ ਵੀ ਹੋਰ ਬੋਲੀ ਵਿਚ ਸੁਣਾਇਆ ਨਹੀਂ ਜਾ ਸਕਦਾ
ਪੈਰਾਂ ਦੀ ਆਇਤ ਲਾਫਾਨੀ ਹੈ
ਮੈਂ ਆਪਣੇ ਘਰ 'ਚ ਬੈਠਾ ਬੈਠਾ ਹੋ ਗਿਆ ਸਾਂ
ਹੁਣ ਮੈਂ ਕਾਅਬੇ ਦੇ ਕੱਦ ਤੋਂ ਉੱਚਾ ਹਾਂ
ਮੈਂ ਰਸਮੀ ਅਗਬ ਵਿਚ ਸੁੰਗੜ ਗਿਆ ਸਾਂ
ਬੇਅਦਬੀ ਨੇ ਮੈਨੂੰ ਆਜ਼ਾਦ ਕੀਤਾ ਹੈ
ਮੈਂ ਹੁਣ ਤੋਂ ਫੇਰ ਦੋ ਆਲਮ ਵੱਡਾ ਹੋ ਗਿਆ ਹਾਂ
ਤੇ ਜੀਅ ਕਰਦੈ ਮੇਰੇ ਵੀ ਪੈਰ ਹੋਵਣ
ਮਨੁੱਖ ਦੇ ਵਾਂਗ ਹਰ ਆਲਮ 'ਚ ਘੁੰਮਾ
ਜਦੋਂ ਮੱਕੇ ਤੋਂ ਵਾਪਸ ਆ ਰਿਹਾ ਸਾਂ
ਤਾਂ ਜੀਅਕੀਤਾ ਮਨੁੱਖ ਦੇ ਪੈਰ ਚੁੰਮਾਂ (6)

ਇਉਂ ਇਕ ਪਾਸੇ ਗੁਰੂ ਨਾਨਕ ਦਾ ਵਿਸਤ੍ਰਿਤ ਵਿਦਰੋਹੀ ਬਿੰਬ ਤੇ ਦੂਜੇ ਪਾਸੇ ਅੱਜ ਦੇ ਮਨੁੱਖ ਦੀ ਵਿਦਰੋਹੀ ਸਥਿਤੀ ਹੈ ਜਿਸ ਵਿਚੋ ਕਵੀ ਇਕ ਤਲਾਸ਼ ਪੈਦਾ ਕਰਦਾ ਹੈ। ਉਸਨੂੰ ਜਾਪਦਾ ਹੈ ਕਿ ਗੁਰੂ ਨਾਨਕ ਆਪਣੇ ਸਮੇਂ ਵਿਚ ਇਕਲੇ ਵਿਚਰਦੇ ਸੀ ਅਤੇ ਇਕਲੇ ਵਿਚਰਦੇ ਵਿਅਕਤੀ ਵਿਚ ਦੂਜਿਆਂ ਦਾ ਵਿਦਰੋਹ ਅਤੇ ਸਾਮਨਾ ਕਰਨ ਦੀ ਚੇਤਨਾ ਜ਼ਿਆਦਾ ਹੁੰਦੀ ਹੈ। ਉਹ ਇਸੇ ਭਾਵਨਾ ਨਾਲ ਗੁਰੂ ਨਾਨਕ ਨੂੰ ਸ਼ਰਧਾਂਜਲੀ ਪੇਸ਼ ਕਰਦਾ ਹੈ। ਗੁਰੂ ਨਾਨਕ ਦੀ ਇਕਲਤਾ ਉਸ ਅੰਦਰ ਇਕ ਨਵਾਂ ਸੰਚਾਰ ਪੈਦਾ ਕਰਦੀ ਹੈ:-

ਜਿਨ੍ਹਾਂ ਰਾਹਾਂ 'ਤੇ ਨਾਨਕ ਵਿਚਾਰਿਆ ਸੀ
ਉਨ੍ਹਾਂ ਰਾਹਾਂ ਦੇ ਪਹਿਲੇ ਮੋੜ 'ਤੇ ਹੀ
ਮੈਂ ਖੜੋਤਾ ਹਾਂ
ਕੋਈ ਮਹਿਰਮ ਨਹੀਂ ਜੋ ਇਸ ਸਫ਼ਰ ਵਿਚ ਸਾਥ ਦੇਵੇ
ਤੇ ਕੱਲਾ ਤੁਰਨ ਦੀ ਆਦਤ ਨਹੀਂ ਮੇਰੀ

ਇਨ੍ਹਾਂ ਰਾਹਾਂ 'ਤੇ ਸੁਣਿਆ ਹੈ
ਗੁਰੂ ਨਾਨਕ ਇਕੱਲਾ ਵਿਚਰਿਆ ਸੀ
ਗੁਰੂ ਨਾਲ ਏਸੇ ਮੋੜ ਤੱਕ ਆਏ ਸੀ ਤੁਰ ਕੇ
ਪਿਤਾ ਦਾ ਰੰਜ
ਮਾਂ ਦੀ ਵਿਲਕਣੀ
ਤੇ ਪਿਆਰ ਸੁੱਚਾ ਭੈਣ ਦਾ

ਇਸੇ ਹੀ ਮੋੜ ਤਕ ਅਰਧੰਗਨੀ ਦੀ ਅੱਖ 'ਚੋਂ ਉੱਡ ਕੇ
ਹਜ਼ਾਰਾਂ ਹੰਝੂਆਂ ਦੀ ਡਾਰ ਆਈ ਸੀ
ਜੋ ਕਹਿੰਦੀ ਸੀ ਕਿ ਮੈਂ ਵੀ ਨਾਲ ਜਾਣਾ ਹੈ
ਉਮਰ ਦੇ ਸਫ਼ਰ ਵਿਚ ਬਦਲੀ ਦੀ ਛਾਂ ਵਾਂਗੂੰ
ਤੁਹਾਡੇ ਨਾਲ ਰਹਿਣਾ ਹੈ
ਇਸੇ ਹੀ ਮੋੜ ਤੱਕ ਦੋ ਬਾਲ ਆਏ ਸਨ
ਨਿਆਣੇ ਖੇਡ ਨੂੰ ਅਧਵਾਟਿਓਂ ਛੱਡ ਕੇ
ਤੇ ਕਹਿੰਦੇ ਸਨ
ਅਸਾਡੇ ਤੋਤਲੇ ਬੋਲਾਂ ਨੂੰ ਆਪਣੇ ਨਾਲ ਲੈ ਜਾਵੋ
ਤੁਹਾਡੇ ਬਿਨ ਭਲਾ ਕਿਹੜਾ
ਇਨ੍ਹਾਂ ਦੇ ਅਰਥ ਸਮਝੇਗਾ
ਪਰ ਨਹੀਂ
ਗੁਰੂ ਨਾਨਕ ਨੇ ਕੁਝ ਵੀ ਆਪਣੇ ਨਾਲ ਨਾ ਕੀਤਾ

ਗੁਰੂ ਨਾਨਕ ਇਨ੍ਹਾਂ ਰਾਹਾਂ 'ਤੇ
ਰੱਬ ਵਾਂਗੂੰ ਇਕੱਲਾ ਵਿਚਰਿਆ ਸੀ (7)

ਇਸੇ ਚੇਤਨਾ ਨਾਲ ਹੀ ਕਵੀ ਗੁਰੂ ਨਾਨਕ ਨੂੰ 'ਸਾਖੀ ਤੋਂ ਬਾਹਰ' ਲਿਆਉਣਾ ਚਾਹੁੰਦਾ ਹੈ। ਅਸੀਂ ਗੁਰੂ ਨਾਨਕ ਦੇ ਵਿਦਰੋਹੀ ਸਰੂਪ ਨੂੰ ਸਾਖੀਆਂ ਵਿਚ ਕੈਦ ਕਰ ਕੇ ਰੱਖ ਦਿੱਤਾ ਹੈ। ਪਰ ਕਵੀ ਗੁਰੂ ਨਾਨਕ ਨੂੰ ਸਾਖੀ ਤੋਂ ਬਾਹਰ ਲਿਆਉਣ ਚਾਹੁੰਦਾ ਹੈ ਤਾਂ ਜੋ ਗੁਰੂ ਨਾਨਕ ਦੇ ਅਸਲ ਵਿਦਰੋਹੀ ਰੂਪ ਦੀ ਸਥਾਪਨਾ ਕੀਤੀ ਜਾ ਸਕੇ। ਹਰਿਭਜਨ ਸਿੰਘ ਦੀ ਕਵਿਤਾ 'ਸਾਖੀ ਤੋਂ ਬਾਹਰ' ਇਸੇ ਪ੍ਰਸੰਗ ਵਿਚ ਸਾਰਥਕਤਾ ਗ੍ਰਹਿਣ ਕਰਦੀ ਹੈ:-

ਗੁਰੂ ਨਾਨਕ
ਸਫ਼ਲ ਉਪਦੇਸ਼
ਮੈਨੂੰ ਮਾਰਗ 'ਤੇ ਪਾ ਕੇ ਤੁਰ ਗਏ
ਤੇ ਇਥੇ ਹੀ ਕਹਾਣੀ ਖਤਮ ਹੋ ਗਈ (8)

ਕਵੀ ਜਦੋਂ ਪਰੰਪਰਾ ਦਾ ਵਿਰੋਧ ਕਰਦਾ ਹੈ ਤਾਂ ਉਸਦੇ ਸਮਕਾਲੀ ਉਸ ਨਾਲ ਨਾਰਾਜ਼ ਹੁੰਦੇ ਹਨ। ਕਵੀ ਉਨ੍ਹਾਂ ਦੀ ਨਾਰਾਜ਼ਗੀ ਨੂੰ ਦੇਖ ਕੇ ਉਲਝਨ ਵਿਚ ਫੱਸ ਜਾਂਦਾ ਹੈ ਕਿ ਉਹ ਪਰੰਪਰਾ ਵੱਲ ਮੂੰਹ ਕਰੇ ਜਾਂ ਆਪਣੇ ਨਵੇਂ ਰਾਹਾਂ 'ਤੇ ਟੁਰੇ:-

ਮੈਂ ਆਪਣੇ ਦੋਸਤਾਂ ਨੂੰ ਕੂਕ ਕਹਿੰਦਾ ਸਾਂ
ਸਬਰ ਰੱਖੋ! ਮੈਂ ਤੁਰਿਆ ਆ ਰਿਹਾ ਹਾਂ(9)

ਪਰ ਅੰਤ ਕਵੀ ਇਹੀ ਫ਼ੈਸਲਾ ਕਰਦਾ ਹੈ ਕਿ ਉਹ ਨਵੇਂ ਰਾਹਾਂ 'ਤੇ ਟੁਰੇਗਾ ਭਾਵੇਂ ਇਕੱਲਾ ਹੀ ਕਿਉਂ ਨਾ ਰਹਿ ਜਾਏ।
ਪੁਸਤਕ ਸੜਕ ਦੇ ਸਫੇ ਉਤੇ ੧੯੭੦ ਵਿਚ ਪ੍ਰਕਾਸ਼ਿਤ ਹੋਈ। ਇਸੇ ਵਰ੍ਹੇ ਹਰਿਭਜਨ ਸਿੰਘ ਦੀ ਪਹਿਲੀ ਆਲੋਚਨਾ ਦੀ ਪੁਸਤਕ ਅਧਿਐਨ ਤੇ ਅਧਿਆਪਨ ਵੀ ਪ੍ਰਕਾਸ਼ਿਤ ਹੋਈ। ਉਸਦਾ ਬਹੁ ਚਰਚਿਤ ਨਿਬੰਧ 'ਨਾਨਕ ਬਿੰਬ' ਇਸੇ ਪੁਸਤਕ 'ਚ ਸ਼ਾਮਿਲ ਸੀ। ਇਸ ਨਿਬੰਧ ਵਿਚ ਹਰਿਭਜਨ ਸਿੰਘ ਨੇ ਨਾਨਕ ਬਿੰਬ ਨੂੰ ਕੁਝ ਇਸ ਪ੍ਰਕਾਰ ਪਰਿਭਾਸ਼ਿਤ ਕੀਤਾ ਹੈ:-

ਗੁਰੂ ਨਾਨਕ ਇਤਿਹਾਸਕ ਵਿਆਕਤੀ ਸੀ ਅਤੇ ਪੁਰਾਣ-ਪੁਰਸ਼
ਵੀ। ਪੁਰਾਣ-ਪੁਰਸ਼ ਦੀ ਜੜ੍ਹ ਇਤਿਹਾਸਕ ਸਮੇਂ ਅਤੇ ਸਥਾਨ ਵਿਚ ਹੁੰਦੀ ਹੈ, ਪਰ ਉਸਦੀ ਪ੍ਰਿਤਪਾਲਣਾ ਸਮੇਂ ਅਤੇ ਜਨ-ਮਾਨਸ ਵਿਚ
ਹੁੰਦੀ ਹੈ। ਜਿਥੇ ਉਹ ਮਨੁੱਖੀ ਰੀਝਾਂ, ਅਕਾਂਖਿਆਵਾਂ ਤੇ ਸੁਪਨਿਆਂ ਨਾਲ ਰਚ-ਮਿਚ ਜਾਂਦਾ ਹੈ ਅਤੇ ਸਮੇਂ ਤੇ ਸਥਾਨ ਨਾਲ ਸੰਬੰਧਿਤ ਹੁੰਦਾ ਹੋਇਆ ਵੀ ਇਸ ਤੋਂ ਮੁਕਤ ਹੋ ਜਾਂਦਾ ਹੈ।
ਇਸੇ ਜਨ ਮਾਨਸ ਦੀ ਸੰਪਦਾ: ਨਾਨਕ ਬਿੰਬ। ਇਸ ਦਾ ਕੱਦ ਮਨੁੱਖੀ ਅਕਾਂਖਿਆ ਵਰਗਾ ਉੱਚਾ, ਇਸ ਦੀ ਉਮਰ ਪਰੰਪਰਾ ਜਿੱਡੀ ਲੰਮੀ ਅਤੇ ਇਸ ਦਾ ਰੰਗ ਮਨੁੱਖੀ ਰੀਝ ਵਾਂਗ ਗੂੜ੍ਹਾ ਹੈ।
ਪੁਰਾਣ ਬਿੰਬ ਦੀ ਰਚਨਾ ਸਮਾਜਕ ਕਲਪਨਾ ਰਾਹੀਂ ਹੁੰਦੀ ਹੈ, ਇਸੇ ਲਈ ਇਸ ਬਿੰਬ ਵਿਚ ਸਮੁੱਚੀ ਜਾਤੀ ਦਾ ਨਸਲੀ ਅਵਚੇਤਨ ਸਾਹ ਲੈਂਦਾ ਪ੍ਰਤੀਤ ਹੁੰਦਾ ਹੈ। ਜਾਤ ਜਾਤੀ ਬਣ ਜਾਂਦੀ ਹੈ।
ਮਨੁੱਖੀ ਸੁਪਨੇ ਵਾਂਗ ਹੀ ਨਿਤ ਨਵੀਆਂ ਕਹਾਣੀਆਂ ਇਸ ਵਿਅਕਤੀਤਤਵ ਨਾਲ ਸੰਬੰਧਿਤ ਹੁੰਦੀਆਂ ਰਹਿਣਗੀਆਂ ਤੇ ਉਨ੍ਹਾਂ
ਦੀ ਨਿਤ ਨਵੀਂ ਵਿਆਖਿਆ ਹੁੰਦੀ ਰਹੇਗੀ। (10)

ਇਸ ਪ੍ਰਕਾਰ ਹਰਿਭਜਨ ਸਿੰਘ ਆਪਣੀ ਸਮੀਖਿਆ ਵਿਚ ਵੀ ਨਾਨਕ ਬਿੰਬ ਦੀ ਤਲਾਸ਼ ਕਰ ਰਿਹਾ ਸੀ। ਇਸ ਸਾਰੇ ਕਾਵਿ ਨੂੰ ਉਸਦੇ ਵਿਕਾਸ ਵਿਚ ਸਮਝਣਾ ਬਹੁਤ ਜ਼ਰੂਰੀ ਹੈ।

## ਟਿਪਣੀਆਂ ਤੇ ਹਵਾਲੇ


1. ਡਾ. ਹਰਿਭਜਨ ਸਿੰਘ, ਮੇਰੀ ਕਾਵਿ ਯਾਤਰਾ, ਨਵਯੁਗ ਪਬਲੀਸ਼ਰ ਚਾਂਦਨੀ ਚੌਕ, ਦਿਲੀ, 1989 ਪੰਨਾ1
2. ਉਹੀ-ਪੰਨਾ-140
3. ਉਹੀ-ਪੰਨਾ-140
4. ਉਹੀ-ਪੰਨਾ-140
5. ਉਹੀ-ਪੰਨਾ-142
6. ਉਹੀ-ਪੰਨਾ-144
7. ਉਹੀ-ਪੰਨਾ-144
8. ਉਹੀ-ਪੰਨਾ-145
9. ਉਹੀ-ਪੰਨਾ-146-147
10. ਡਾ. ਹਰਿਭਜਨ ਸਿੰਘ, ਅਧਿਐਨ ਤੇ ਅਧਿਆਪਨ ਨਵਚੇਤਨ ਪਬਲੀਸ਼ਰਜ, ਅੰਮ੍ਰਿਤਸਰ, 1970